**ਦਫ਼ਤਰ ਪ੍ਰਿੰਸੀਪਲ ਸਰਕਾਰੀ ਕਾਲਜ, ਰੋਪੜ।**

**ਮੀਮੋ ਨੰ.** 2658 **ਮਿਤੀ :** 06/11/23

**ਵਿਸ਼ਾ : ਕਾਲਜ ਦੀ ਕੰਟੀਨ ਠੇਕੇ ਤੇ ਦੇਣ ਸਬੰਧੀ ਸ਼ਰਤਾਂ ।**

1. ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਸਰਕਾਰੀ ਕਾਲਜ ਦੀ ਕੰਟੀਨ ਦਾ ਠੇਕਾ ਮਿਤੀ 16/11/2023 ਤੋਂ 30/06/2024 ਤੱਕ ਹੋਵੇਗਾ।
2. ਇਸ ਸਮੇਂ ਕੰਟੀਨ ਦੀ ਬੋਲੀ ਲਈ ਘੱਟੋ-ਘੱਟ ਕੀਮਤ 10,000/- ਤੋਂ ਸ਼ੁਰੂ ਹੋਵੇਗੀ। ਚਾਹਵਾਨ ਵਿਅਕਤੀ ਆਪਣੀ ਕੁਟੇਸ਼ਨ ਅਖ਼ਬਾਰ ਵਿੱਚ ਦਿੱਤੇ ਇਸ਼ਤਿਹਾਰ ਅਨੁਸਾਰ ਦਸਤੀ ਮਿਤੀ 15/11/2023 ਨੂੰ ਸਵੇਰੇ 10.00 ਵਜੇ ਤੱਕ ਦਫ਼ਤਰ ਪ੍ਰਿੰਸੀਪਲ ਵਿਖੇ ਜਮ੍ਹਾਂ ਕਰਵਾਏਗਾ ਜੋ ਕਿ ਮਿਤੀ 15/11/2023 ਨੂੰ ਹੀ ਖੋਲ੍ਹੀ ਜਾਵੇਗੀ। ਬੋਲੀ ਵਿੱਚ ਪੁਕਾਰ ਦੀ ਰਕਮ ਵੀ ਇਸੇ ਦਿਨ ਪ੍ਰਿੰਸੀਪਲ ਦਫਤਰ ਵਿਖੇ ਜਮ੍ਹਾ ਕਰਵਾਉਣੀ ਹੋਵੇਗੀ।
3. ਬੋਲੀਕਾਰ ਬੋਲੀ ਵਿੱਚ ਦਿੱਤੀ ਪੁਕਾਰ ਦੀ ਕੀਮਤ ਤੋਂ ਇਲਾਵਾ ਪੀ.ਡਬਲਯੂ.ਡੀ. ਦੁਆਰਾ ਪ੍ਰਵਾਨਤ ਕੰਟੀਨ ਕਿਰਾਏ ਨੂੰ ਦੇਣ ਦਾ ਪਾਬੰਦ ਬੋਲੀਕਾਰ ਹੋਵੇਗਾ ਜੋ ਕਿ ਬੋਲੀ ਤੋਂ ਅਗਲੇ ਦਿਨ ਇਕਮੁਸ਼ਤ ਜਮ੍ਹਾਂ ਕਰਵਾਉਣਾ ਜਰੂਰੀ ਹੈ।
4. ਕੰਟੀਨ ਦੇ ਬਿਜਲੀ ਪਾਣੀ ਅਤੇ ਹੋਰ ਖਰਚੇ ਠੇਕੇਦਾਰ ਨੇ ਸਾਰਾ ਸਾਲ ਆਪਣੇ ਪੱਧਰ ਤੇ ਜਮ੍ਹਾਂ ਕਰਵਾਉਣੇ ਹਨ।
5. ਕੰਟੀਨ ਖੋਲ੍ਹਣ ਦਾ ਸਮਾਂ ਸਵੇਰੇ 7 ਤੋਂ ਸ਼ਾਮ 5 ਵਜੇ ਤੱਕ ਹੋਵੇਗਾ।
6. ਕੰਟੀਨ ਵਿੱਚ ਬਣਾਈਆਂ ਜਾਣ ਵਾਲੀਆਂ ਵਸਤੂਆਂ ਦੀ ਲਿਸਟ ਇਸ ਸੰਸਥਾ ਵੱਲੋਂ ਪ੍ਰਵਾਨਤ ਕੁਟੇਸ਼ਨ ਦੇ ਆਧਾਰ ਤੇ ਫਿਕਸ ਕੀਤੇ ਜਾਣਗੇ ਅਤੇ ਰੇਟ ਲਿਸਟ ਕੰਟੀਨ ਵਿੱਚ ਡਿਸਪਲੇ ਕਰਨਾ ਜਰੂਰੀ ਹੈ। ਜਿਸਦੀ ਜਿੰਮੇਵਾਰੀ ਠੇਕੇਦਾਰ ਦੀ ਹੋਵੇਗੀ।
7. ਕੰਟੀਨ ਦੀ ਸਫ਼ਾਈ ਦਾ ਧਿਆਨ ਰੱਖਣਾ ਠੇਕੇਦਾਰ ਦੀ ਜਿੰਮੇਵਾਰੀ ਹੋਵੇਗੀ।
8. ਕੰਟੀਨ ਵਿੱਚ ਵਰਤੀਆਂ ਜਾਣ ਵਾਲੀਆਂ ਸਾਰੀਆਂ ਵਸਤੂਆਂ ਸ਼ੁੱਧ, ਮਿਲਾਵਟ ਰਹਿਤ ਅਤੇ ਤਾਜ਼ੀਆਂ ਹੋਣੀਆਂ ਚਾਹੀਦੀਆਂ ਹਨ।
9. ਕੰਟੀਨ ਵਿੱਚ ਕਿਸੇ ਕਿਸਮ ਦੇ ਨਸ਼ੇ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ। ਜੇਕਰ ਅਜਿਹਾ ਪਾਇਆ ਗਿਆ ਤਾਂ ਤੁਰੰਤ ਠੇਕਾ ਰੱਦ ਕੀਤਾ ਜਾਵੇਗਾ।
10. ਕੰਟੀਨ ਵਿੱਚ ਕੰਮ ਕਰਨ ਵਾਲੇ ਠੇਕੇਦਾਰ ਦੇ ਸਾਰੇ ਕਰਮਚਾਰੀਆਂ ਦਾ ਵੇਰਵਾ ਪ੍ਰਿੰਸੀਪਲ ਸਰਕਾਰੀ ਕਾਲਜ ਰੋਪੜ ਅਤੇ ਪੁਲਿਸ ਨੂੰ ਦੇਣ ਦੀ ਜਿੰਮੇਵਾਰੀ ਵੀ ਕੰਟੀਨ ਠੇਕੇਦਾਰ ਦੀ ਨਿੱਜੀ ਹੋਵੇਗੀ। ਪ੍ਰਵਾਨਤ ਕਰਮਚਾਰੀਆਂ ਤੋਂ ਇਲਾਵਾ ਹੋਰ ਕੋਈ ਵਿਅਕਤੀ ਕੰਟੀਨ ਵਿੱਚ ਕੰਮ ਨਹੀਂ ਕਰ ਸਕਦਾ ਹੈ।
11. ਵਿਦਿਆਰਥੀ ਸਟਾਫ ਨੂੰ ਦਿੱਤੇ ਜਾਣ ਵਾਲੇ ਉਧਾਰ ਦੀ ਜਿੰਮੇਵਾਰੀ ਕੰਟੀਨ ਠੇਕੇਦਾਰ ਦੀ ਹੋਵੇਗੀ।
12. ਕੰਟੀਨ ਵਿੱਚ ਉਹ ਚੀਜ ਜੋ ਕਿਸੇ ਵੀ ਕਾਨੂੰਨ ਐਕਟ ਵਿੱਚ ਵਰਜਿਤ ਹੈ, ਜੇਕਰ ਉਹ ਕੰਟੀਨ ਵਿੱਚ ਰੱਖੀ ਮਿਲਦੀ ਹੈ ਤਾਂ ਉਸਦੀ ਜਿੰਮੇਵਾਰੀ ਠੇਕੇਦਾਰ ਦੀ ਹੋਵੇਗੀ। ਨਿਯਮਾਂ ਅਨੁਸਾਰ ਉਸਦੀ ਕਾਰਵਾਈ ਠੇਕੇਦਾਰ ਵਿਰੁੱਧ ਹੀ ਹੋਵੇਗੀ।
13. ਕੰਟੀਨ ਵਿੱਚ ਵਰਤਿਆ ਜਾਣ ਵਾਲਾ ਸਮਾਨ ਤੁਹਾਡਾ ਆਪਣਾ ਹੋਵੇਗਾ।
14. ਕੰਟੀਨ ਦੀ ਬਿਲਡਿੰਗ /ਫਰਨੀਚਰ ਵਿੱਚ ਕਿਸੇ ਕਿਸਮ ਦੀ ਭੰਨ-ਤੋੜ ਨਹੀਂ ਕੀਤੀ ਜਾਵੇਗੀ। ਜੇਕਰ ਅਜਿਹਾ ਹੁੰਦਾ ਹੈ ਤਾਂ ਉਹ ਤੁਹਾਨੂੰ ਰਿਪੇਅਰ ਕਰਵਾਉਣਾ /ਨਵਾਂ ਉਸਾਰਨਾ ਪਵੇਗਾ ਕਿਉਂਕਿ ਇਹ ਸਰਕਾਰੀ ਸੰਪਤੀ ਹੈ।
15. ਉਪਰੋਕਤ ਸ਼ਰਤਾਂ ਸਬੰਧੀ ਹਰੇਕ ਫੈਸਲਾ ਮੰਨਣਯੋਗ ਹੋਵੇਗਾ। ਜੇਕਰ ਕਿਸੇ ਨਿਯਮ ਵਿੱਚ ਕੋਤਾਹੀ ਹੁੰਦੀ ਹੈ ਤਾਂ ਐਪੀਲੈਂਟ ਅਥਾਰਟੀ ਪ੍ਰਿੰਸੀਪਲ ਸਰਕਾਰੀ ਕਾਲਜ ਰੋਪੜ ਹੋਣਗੇ। ਜਿਨ੍ਹਾਂ ਦਾ ਫੈਸਲਾ ਸਰਵ ਮੰਨਣਯੋਗ ਹੋਵੇਗਾ। ਕੰਟੀਨ ਦਾ ਕੰਮ ਤਸੱਲੀਬਖ਼ਸ ਨਾ ਹੋਣ ਕਾਰਨ ਕੰਟੀਨ ਠੇਕੇ ਤੇ ਦੇਣ ਸਬੰਧੀ ਹੁਕਮ ਕਿਸੇ ਵੀ ਸਮੇਂ ਨਿਮਨ ਹਸਤਾਖਰ ਵੱਲੋਂ ਰੱਦ ਕੀਤੇ ਜਾ ਸਕਦੇ ਹਨ। ਇਸਤੇ ਕੋਈ ਵੀ ਕਾਨੂੰਨੀ ਕਾਰਵਾਈ ਕਰਨ ਦਾ ਅਧਿਕਾਰ ਠੇਕੇਦਾਰ ਨੂੰ ਨਹੀਂ ਹੋਵੇਗਾ। ਬੋਲੀਕਾਰ ਜੇਕਰ ਉਪਰੋਕਤ ਸ਼ਰਤਾਂ ਮੰਨਦਾ ਹੈ ਤਾਂ ਹੀ ਉਹ ਬੋਲੀ ਦੇਣ ਲਈ ਹਾਜ਼ਰ ਹੋਵੇ।
16. ਜਿਹੜਾ ਬੋਲੀਕਾਰ ਪਹਿਲਾਂ ਕਿਸੇ ਕੰਟੀਨ ਦੇ ਕਿਰਾਏ ਸਬੰਧੀ ਕਿਸੇ ਵੀ ਸੰਸਥਾ ਤੋਂ ਡਿਫਾਲਟਰ ਘੋਸ਼ਿਤ ਹੈ ਉਸਨੂੰ ਬੋਲੀਕਾਰ ਦੇ ਤੌਰ ਤੇ ਵਿਚਾਰਿਆ ਨਹੀਂ ਜਾਵੇਗਾ।

ਪ੍ਰਿੰਸੀਪਲ

Principal
Govt. College
Ropar

6/11/2023